**APPENDIX A**

# ਸਵਾਗਤੀ ਭਾਸ਼ਣ

## ਕੁਲਦੀਪ ਸਿੰਘ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

ਦਾਸ ਬੜੇ ਮਾਣ ਅਤੇ ਖੁਸ਼ੀ ਨਾਲ ਤੁਹਾਡਾ ਸਭ ਦਾ ਸੁਆਗਤ ਕਰਦਾ ਹੈ। ਬਾਬਾ ਇਕਬਾਲ ਸਿੰਘ ਜੀ ਦਾ ਸੁਆਗਤ ਕਰਨ ਵਿਚ ਤਾਂ ਦਾਸ ਨੂੰ ਬਹੁਤ ਹੀ ਪਰਸੰਨਤਾ ਹੈ ਜਿਹੜੇ ਅੱਜ ਸਾਡੀ ਗੋਸ਼ਟੀ ਦਾ ਉਦਘਾਟਨ ਕਰਨ ਅਤੇ ਸਾਨੂੰ ਉਤਸ਼ਾਹਤ ਕਰਨ ਹਿਤ ਦੂਰੋਂ ਆਏ ਹਨ। ਬਾਬਾ ਜੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰੂਹ ਲਿਸ਼ਕਾਰੇ ਮਾਰਦੀ ਹੈ।

ਡੂੰਘੀ ਵਿਚਾਰ ਉਪਰੰਤ ਇਹ ਤੱਥ ਸਾਹਮਣੇ ਆਇਆ ਹੈ ਕਿ ਅੱਜਕਲ੍ਹ ਦੇ ਛਿੜੇ ਵਿਵਾਦ ਦਾ ਹਲ ਅਤੇ ਪੰਥ ਦੀ ਅਗਵਾਈ ਸਰਬਤ ਖਾਲਸਾ ਹੀ ਕਰ ਸਕਦਾ ਹੈ।

ਸਰਬਤ ਖਾਲਸਾ ਕੀ ਹੈ ?ਇਕ ਵਿਚਾਰ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਸਰਬਤ ਖਾਲਸਾ ਹੈ। ਸਪੋਕਸਮੈਨ ਨੇ ਲਿਖਿਆ ਹੈ, "ਜੱਥੇਦਾਰ ਅਕਾਲ ਤਖ਼ਤ ਮੰਨੇ-ਪ੍ਰਮੰਨੇ ਸਿੱਖਾਂ, ਸਾਰੀਆਂ ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਵਿਦੇਸ਼ੀ ਸਿੱਖਾਂ ਦੇ ਪ੍ਰਤਿਨਿਧਾਂ ਦਾ ਸਰਬਤ ਖਾਲਸਾ ਬੁਲਾਉਣ।" ਦਾਸ ਨਿਜੀ ਤੌਰ ਤੇ ਇਹਨਾਂ ਦੋਹਾਂ ਵਿਚਾਰਾਂ ਨਾਲ ਸਹਿਮਤ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ ਖਾਲਸੇ ਨੂੰ ਗੁਰੂ ਰੂਪ ਮੰਨਿਆ ਸੀ ? ਪਹਿਲੀ ਵਾਰੀ ਉਨ੍ਹਾਂ ਪੰਜਾਂ ਪਿਆਰਿਆਂ ਨੂੰ ਬੇਨਤੀ ਕਰਕੇ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਲਈ ਜੋ ਪਹਿਲਾਂ ਹੀ ਆਪਣੇ ਸੀਸ ਭੇਟ ਕਰ ਚੁਕੇ ਸਨ। ਦੂਜੀ ਵਾਰੀ ਚਮਕੌਰ ਦੀ ਗੜ੍ਹੀ ਵਿਚ ਜਿਨ੍ਹਾਂ ਪੰਜ ਖਾਲਸਿਆਂ ਦਾ ਗੁਰੂ ਜੀ ਨੇ ਹੁਕਮ ਮੰਨਿਆ ਸੀ ਉਨ੍ਹਾਂ ਪੰਜਾਂ ਸਾਹਮਣੇ ਮੌਤ ਖੜੀ ਸੀ, ਅਤੇ ਉਹ ਕੁਝ ਘੰਟਿਆਂ ਬਾਅਦ ਸ਼ਹੀਦ ਹੋ ਗਏ ਸਨ। ਨਾਂਦੇੜ ਵਿਖੇ ਉਨ੍ਹਾਂ ਉਸ ਖਾਲਸੇ ਨੂੰ ਮੀਰੀ ਦੀ ਬਖ਼ਸ਼ਿਸ਼ ਕੀਤੀ ਜਿਨ੍ਹਾਂ ਬਾਰੇ ਉਨ੍ਹਾਂ ਕਿਹਾ ਸੀ :

"ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉਂ ਕਰੌਂ ਨਿਵਾਸ।"

ਇਹੋ ਜਿਹੇ ਖਾਲਸੇ ਹੀ ਪੰਥ ਨੂੰ ਅਗਵਾਈ ਦੇਣ ਦੀ ਸਮਰਥਾ ਰਖਦੇ ਹਨ। ਜਦ ਦਾਸ ਨੇ ਇਹੋ ਜਿਹੇ ਖਾਲਸਿਆਂ ਦੀ ਸੂਚੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਸਭ ਤੋਂ ਪਹਿਲਾ ਨਾਮ ਬਾਬਾ ਇਕਬਾਲ ਸਿੰਘ ਜੀ ਦਾ ਸਾਹਮਣੇ ਆਇਆ ਅਤੇ ਬੜੀ ਕੋਸ਼ਿਸ਼ ਉਪਰੰਤ ਕੇਵਲ ਦਸ ਨਾਮ ਹੀ ਲਿਖੇ। ਜੇ ਪੰਥ ਨੇ ਇਹ ਵਿਉਂਤ ਪਰਵਾਨ ਕੀਤੀ ਤਾਂ ਸਾਨੂੰ ਸਾਰੇ ਸਿੱਖ ਜਗਤ ਵਿਚ ਪ੍ਰਚਾਰ ਕਰਨਾ ਪਵੇਗਾ ਕਿ ਇਹੋ ਜਿਹੇ ਖਾਲਸਿਆਂ ਦੇ ਨਾਮ ਤਜਵੀਜ਼ ਕਰਨ ਜਿਹੜੇ "ਰਹਿਣੀ ਰਹੇ ਸੋਈ ਸਿਖ ਮੇਰਾ" ਤੇ ਪੂਰੇ ਉਤਰਦੇ ਹੋਣ। ਹੋ ਸਕਦਾ ਹੈ ਅਸੀਂ ਚਾਲ੍ਹੀ-ਪੰਜਾਹ ਖਾਲਸੇ ਲਭ ਸਕੀਏ ਜਿਹੜੇ ਪੰਥ ਨੂੰ ਅਗਵਾਈ ਦੇਣ ਦੀ ਸਮਰਥਾ ਰਖਦੇ ਹੋਣ।

ਦਾਸ ਤੁਹਾਡਾ ਧਿਆਨ ਬਾਬਾ ਜੀ ਦੀ ਕਮਾਈ ਵੱਲ ਦਿਵਾਉਂਦਾ ਹੈ ਕਿ ਉਹ ਕਿਹੋ ਜਿਹੇ ਸੰਤ ਸਿਪਾਹੀ ਤਿਆਰ ਕਰ ਰਹੇ ਹਨ। ਅਕਾਲ ਅਕੈਡਮੀ, ਬੜੂ ਸਾਹਿਬ ਦੇ ਇਕ ਪੰਦਰਾਂ ਸਾਲ ਦੇ ਬੱਚੇ ਦਾ ਸਾਰਾ ਪਰਿਵਾਰ ਜਿਸ ਵਿਚ ਉਸ ਦੇ ਮਾਤਾ-ਪਿਤਾ, ਇਕ ਭਰਾ ਅਤੇ ਇਕ ਭੈਣ ਸਨ, ਬੜੀ ਬੇਰਹਿਮੀ ਨਾਲ ਡਾਕੂਆਂ ਹੱਥੋਂ ਕਤਲ ਹੋ ਗਿਆ। ਆਪਣੇ ਪਰਿਵਾਰ ਦੇ ਭੋਗ ਸਮੇਂ ਇਸ ਬੱਚੇ ਨੇ ਗੁਰਬਾਣੀ ਦਾ ਇਕ ਸ਼ਬਦ ਆਪ ਗਾਇਨ ਕੀਤਾ। ਬਾਬਾ ਜੀ ਦੇ ਸਕੂਲਾਂ ਰਾਹੀਂ ਇਸ ਤਰ੍ਹਾਂ ਖਾਲਸੇ ਦੀ ਆਤਮਾ ਸੁਰਜੀਤ ਹੋ ਰਹੀ ਹੈ। ਬਾਬਾ ਜੀ ਦੀ ਕੌਮ ਨੂੰ ਇਹ ਬਹੁਤ ਵੱਡੀ ਦੇਣ ਹੈ।

ਗੁਰੂ ਨਾਨਕ ਸਾਹਿਬ ਦਾ ਮਿਸ਼ਨ ਕੀ ਸੀ ? ਇਸ ਬਾਰੇ ਇਤਿਹਾਸਕਾਰਾਂ ਅਤੇ ਲੇਖਕਾਂ ਨੇ ਡੂੰਘੀ ਵਿਚਾਰ ਨਹੀਂ ਕੀਤੀ। ਅਕਾਲ ਪੁਰਖ ਵਲੋਂ ਗੁਰੂ ਸਾਹਿਬ ਨੂੰ ਕੀ ਸੋਝੀ ਅਤੇ ਆਦੇਸ਼ ਮਿਲੇ ਸਨ ਜਿਨ੍ਹਾਂ ਦਾ ਸਦਕਾ ਗੁਰੂ ਸਾਹਿਬ ਨੇ 1499 ਈਸਵੀ ਵਿਚ ਅਪਣੀ ਪ੍ਰਚਾਰ ਯਾਤਰਾ (ਉਦਾਸੀ) ਅਰੰਭੀ। ਦਾਸ ਦੇ ਵਿਚਾਰ ਵਿਚ ਗੁਰੂ ਸਾਹਿਬ ਨੂੰ ਇਕ ਇਲਹਾਮੀ (Revealed) ਅਤੇ ਪੂਰਨ ਤੌਰ ਤੇ ਵਿਗਿਆਨਕ ਧਰਮ ਅਤੇ ਇਸ ਫ਼ਲਾਸਫ਼ੀ ਦੀ ਨੀਹਾਂ ਤੇ ਇਕ ਨਵੇਂ ਪੰਥ ਦੀ ਸਿਰਜਨਾ ਦਾ ਹੁਕਮ ਮਿਲਿਆ। ਇਸ ਯੋਜਨਾ ਬਾਰੇ ਦਸਣਾ ਗਲਤੀ ਸੀ ਅਤੇ ਗੁਰੂ ਸਾਹਿਬ ਨੇ ਇਹ ਸਾਰਾ ਪ੍ਰੋਗ੍ਰਾਮ ਲੋਕਾਂ ਦੀ ਸੋਚ ਵਿਚ ਹੀ ਰਹਿਣ ਦਿੱਤਾ। ਉਨ੍ਹਾਂ ਸਾਰੀ ਉਮਰ ਇਕ ਸਰਬ ਸਾਂਝੇ ਮਨੁਖਤਾ ਦੇ ਧਰਮ ਦਾ ਪ੍ਰਚਾਰ ਬਾਣੀ ਰਾਹੀਂ ਕੀਤਾ। ਇਤਿਹਾਸਕਾਰ ਬੜੇ ਸ਼ਸ਼ੋਪੰਜ ਵਿਚ ਰਹੇ ਹਨ ਕਿ ਗੁਰੂ ਸਾਹਿਬ ਦਾ ਮਿਸ਼ਨ ਕੀ ਸੀ ? ਬਹੁਤੇ ਲੇਖਕ ਡਾਕਟਰ ਹਰੀ ਰਾਮ ਗੁਪਤਾ ਦੀ ਤਰ੍ਹਾਂ

ਲਿਖਦੇ ਹਨ। ਡਾਕਟਰ ਗੁਪਤਾ ਆਪਣੀ ਕਿਤਾਬ "History of the Sikhs" ਦੇ ਸਫ਼ਾ 93 ਤੇ ਲਿਖਦਾ ਹੈ ਕਿ "ਗੁਰੂ ਨਾਨਕ ਸਾਹਿਬ ਦਾ ਨਿਸ਼ਾਨਾ ਉੱਚਾ ਚੁਕਣਾ ਸੀ ਅਤੇ ਇਕ ਨਵੀਂ ਕੌਮ ਨੂੰ ਉਸਾਰਨਾ ਸੀ।" ਪਰ ਇਸੇ ਕਿਤਾਬ ਦੇ ਸਫ਼ਾ 103 ਤੇ ਅਪਣੇ ਵਲੋਂ ਪੁਛੇ ਸਵਾਲ — "ਕੀ ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਧਰਮ ਦੀ ਸਿਰਜਨਾ ਕੀਤੀ ?" — ਦੇ ਜਵਾਬ ਵਿਚ ਲਿਖਿਆ ਹੈ ਕਿ "ਗੁਰੂ ਨਾਨਕ ਸਾਹਿਬ ਦਾ ਨਿਸ਼ਾਨਾ ਇਕ ਸੁਧਾਰਕ ਲਹਿਰ ਨੂੰ ਸ਼ੁਰੂ ਕਰਨਾ ਸੀ ਜਿਸ ਰਾਹੀਂ ਹਿੰਦੂ ਮਤ ਅਤੇ ਇਸਲਾਮੀ ਮਤ ਨੇੜੇ ਆ ਸਕਣ।"

ਇਸਲਾਮ ਵੀ ਇਕ ਇਲਹਾਮੀ (Revealed) ਧਰਮ ਹੈ। ਮੁਹੰਮਦ ਸਾਹਿਬ ਨੇ ਕੁਰਾਨ ਵਿਚ ਇਕ ਅੱਲਾਹ ਦੀਆਂ ਸਿਫ਼ਤਾਂ ਹੀ ਲਿਖੀਆਂ ਹਨ ਅਤੇ ਇਕ ਅੱਲਾਹ ਨੂੰ ਪ੍ਰਚਾਰਦੇ ਹੋਏ ਉਨ੍ਹਾਂ ਸਾਰੇ ਇਨਸਾਨਾਂ ਦੀ ਬਰਾਬਰੀ ਨੂੰ ਪ੍ਰਚਾਰਿਆ। ਪਰ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਪੈਰੋਕਾਰਾਂ ਨੇ ਇਹ ਬਰਾਬਰੀ ਦਾ ਪ੍ਰਚਾਰ ਕੇਵਲ ਮੁਹੰਮਦ ਸਾਹਿਬ ਨੂੰ ਮੰਨਣ ਵਾਲਿਆਂ ਤਕ ਹੀ ਸੀਮਤ ਕਰ ਦਿੱਤਾ। ਇਸੀ ਕਾਰਨ ਅਕਾਲ ਪੁਰਖ ਨੇ ਸਾਰੀ ਦੁਨੀਆ ਦੇ ਧਰਮਾਂ ਅਤੇ ਸਭਿਅਤਾਵਾਂ ਦੀ ਅਗਵਾਈ ਕਰਨ ਹਿਤ ਗੁਰੂ ਨਾਨਕ ਸਾਹਿਬ ਨੂੰ ਆਦੇਸ਼ ਦਿੱਤਾ। ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ" ਅਤੇ "ਉਪਦੇਸ ਚਹੁ ਵਰਨਾ ਕਉ ਸਾਝਾ" ਅਤੇ ਗੁਰੂ ਗੋਬਿੰਦ ਸਿੰਘ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਐਲਾਨ ਕੀਤਾ।

ਅਕਾਲ ਪੁਰਖ ਵਲੋਂ ਗੁਰੂ ਨਾਨਕ ਸਾਹਿਬ ਨੂੰ ਸੋਝੀ ਮਿਲੀ ਕਿ ਧੁਰ ਕੀ ਬਾਣੀ ਅਨੁਸਾਰ ਜਿਸ ਪੰਥ ਦੀ ਸਿਰਜਨਾ ਕਰਨੀ ਹੈ ਉਹ ਇਕ ਜ਼ਿੰਦਗੀ ਵਿਚ ਨਹੀਂ ਹੋ ਸਕਦੀ। ਬੜੇ ਵਿਗਿਆਨਕ ਪ੍ਰੋਗ੍ਰਾਮ ਅਨੁਸਾਰ ਗੁਰੂ ਨਾਨਕ ਵਲੋਂ ਚਲੀ ਜੋਤ ਨੇ ਨੌਂ ਗੁਰੂਆਂ ਰਾਹੀਂ ਇਕ ਨਿਵੇਕਲਾ ਪੰਥ ਬਣਾਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਨਿਰਾਲੇ ਢੰਗ ਨਾਲ ਖਾਲਸੇ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਕਿ ਵਾਹਿਗੁਰੂ ਦੇ ਖਾਲਸੇ ਨੇ ਹੁਣ ਦੁਨੀਆ ਦਾ ਉੱਧਾਰ ਕਰਨਾ ਹੈ।

ਅੱਜ ਅਸੀਂ ਆਪਣੇ ਵਿਚਾਰਾਂ ਰਾਹੀਂ ਠੋਸ ਅਤੇ ਸਪਸ਼ਟ ਨਿਰਨਿਆਂ ਤੇ ਪਹੁੰਚਣਾ ਹੈ ਕਿ ਕਿਨ੍ਹਾਂ ਮਨੋਰਥਾਂ ਕਰਕੇ ਖਾਲਸੇ ਦੀ ਸਿਰਜਨਾ ਹੋਈ ਅਤੇ ਖਾਲਸੇ ਦੇ ਕੀ ਉਦੇਸ਼ ਹਨ। ਸਿਖ ਧਰਮ ਦੀ ਫ਼ਲਾਸਫੀ ਕੇਵਲ ਨਿਜੀ ਮੁਕਤੀ ਦਾ ਨਵਾਂ ਰਾਹ ਨਹੀਂ ਹੈ। ਕੀਰਤਨ ਰਾਹੀਂ ਬਾਣੀ ਵਿਚ ਲਿਵਲੀਨ ਹੋ ਕੇ ਅਸੀਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਉਪਰ ਉਠਣਾ ਹੈ। ਖਾਲਸੇ ਦਾ ਧਰਮ ਤਾਂ ਮਨੁਖਤਾ ਦੀ ਅਗਵਾਈ ਅਤੇ ਦੁਨੀਆ ਵਿਚ ਸ਼ਾਂਤੀ ਲਿਆਉਣਾ ਹੈ, ਜਿਸ ਲਈ ਖਾਲਸਾ ਹਰ ਵਕਤ ਤਿਆਰ ਰਹਿੰਦਾ ਹੈ। ਕਕਾਰ ਗੁਰੂ ਸਾਹਿਬ ਵਲੋਂ ਬਖ਼ਸ਼ੀ ਹੋਈ ਵਰਦੀ ਹੈ , ਜਿਹੜੀ ਅਕਾਲ ਪੁਰਖ ਦੀ ਮਿਹਰ ਸਦਕਾ ਖਾਲਸੇ ਨੂੰ ਮਿਲੀ ਹੈ। ਅਸੀਂ ਅਜੇ ਤਕ ਨਿਜੀ ਸੁਆਰਥ ਵਿਚ ਹੀ ਲਗੇ ਹੋਏ ਹਾਂ ਅਤੇ ਆਪਸ ਵਿਚ ਖਹਿਬੜੀ ਜਾ ਰਹੇ ਹਾਂ। ਅਸੀਂ ਉਹ ਕੰਮ ਤਾਂ ਅਜੇ ਸ਼ੁਰੂ ਹੀ ਨਹੀਂ ਕੀਤੇ ਜਿਨ੍ਹਾਂ ਲਈ ਖਾਲਸੇ ਨੂੰ ਸਿਰਜਿਆ ਗਿਆ ਸੀ।

ਦਾਸ ਨੂੰ ਬੜੀ ਖੁਸ਼ੀ ਹੈ ਕਿ ਜਸਟਿਸ ਹਰਬੰਸ ਸਿੰਘ ਜੀ ਇਥੇ ਸਸ਼ੋਭਤ ਹਨ। ਦਾਸ ਉਨ੍ਹਾਂ ਦਾ ਹਾਰਦਿਕ ਸਵਾਗਤ ਕਰਦਾ ਹੈ। ਸਾਰੇ ਹੀ ਨਾਮਵਰ ਬੁੱਧੀਜੀਵੀਆਂ ਅਤੇ ਅੱਜ ਦੇ ਬੁਲਾਰਿਆਂ — ਸਰਦਾਰ ਭਗਵੰਤ ਸਿੰਘ ਦਿਲਾਵਰੀ, ਸਿੱਖ ਰੀਵਿਊ ਦੇ ਐਡੀਟਰ ਸਰਦਾਰ ਸਰਨ ਸਿੰਘ ਜੀ, ਗੁਰੂ ਨਾਨਕ ਦੇਵ ਜੀ ਚੇਅਰ (ਕਾਮਰਾਜ ਮਦੁਰਈ ਯੂਨੀਵਰਸਿਟੀ ) ਦੇ ਮੁਖੀ ਡਾਕਟਰ ਮੁਥੂ ਮੋਹਨ ਜੀ, ਉੱਘੇ ਅਤੇ ਦਲੇਰ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਜੀ, ਡਾਕਟਰ ਹਰਨਾਮ ਸਿੰਘ ਸ਼ਾਨ, ਡਾਕਟਰ ਹਰਕੀਰਤ ਸਿੰਘ ਜੀ, ਡਾਕਟਰ ਗੁਰਨਾਮ ਕੌਰ ਜੀ, ਡਾਕਟਰ ਸਰਬਜੋਤ ਕੌਰ, ਸਰਦਾਰ ਸ਼ੇਰ ਸਿੰਘ ਸ਼ੇਰ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦਾ ਦਾਸ ਦਿਲੀ ਸਵਾਗਤ ਕਰਦਾ ਹੈ। ਦਾਸ ਇੰਸਟੀਚਿਊਟ ਆਫ਼ ਸਿਖ ਸਟਡੀਜ਼ ਦੇ ਆਪਣੇ ਸਾਥੀਆਂ (ਇਨ੍ਹਾਂ ਵਿਚੋਂ ਕਈ ਆਪਣੇ ਖੋਜ ਪਰਚੇ ਤੁਹਾਡੇ ਸਾਹਮਣੇ ਰਖਣਗੇ) ਅਤੇ ਖਾਸ ਤੌਰ ਤੇ ਨਵੇਂ ਚੁਣੇ ਗਏ ਮੈਂਬਰਾਂ ਸੰਤ-ਸਿਪਾਹੀ ਮੇਜਰ ਜਨਰਲ ਨਰਿੰਦਰ ਸਿੰਘ, ਮੇਜਰ ਜਨਰਲ ਜਸਵੰਤ ਸਿੰਘ, ਡਾਕਟਰ ਗੁਰਬਖ਼ਸ਼ ਸਿੰਘ ਅਤੇ ਨੌਜਵਾਨ ਸਕਾਲਰ ਸਰਦਾਰ ਇੰਦਰਜੀਤ ਸਿੰਘ ਨੂੰ ਜੀ ਆਇਆਂ ਕਹਿੰਦਾ ਹੈ।

ਦਾਸ ਸਾਰੇ ਹੀ ਗਿਆਨਵਾਨ ਸਰੋਤਿਆਂ ਦਾ ਰਿਣੀ ਹੈ ਜਿਹੜੇ ਸਾਡਾ ਸੱਦਾ ਕਬੂਲ ਕਰਦੇ ਹੋਏ ਇਥੇ ਸਸ਼ੋਭਤ ਹਨ। ਦਾਸ ਨੂੰ ਯਕੀਨ ਹੈ ਕਿ ਉਹ ਪਰਚਿਆਂ ਉਪਰੰਤ ਗੋਸ਼ਟੀ ਵਿਚ ਆਪਣਾ ਯੋਗਦਾਨ ਪਾਉਣਗੇ। ਜਿਨ੍ਹਾਂ ਨਾਮਵਰ ਉੱਘੀ ਸ਼ਖਸੀਅਤਾਂ ਦਾ ਨਾਮ ਲੈਣਾ ਦਾਸ ਭੁੱਲ ਗਿਆ ਹੈ, ਉਹ ਜ਼ਰੂਰ ਦਾਸ ਨੂੰ ਖਿਮਾ ਕਰਨ।

ਦਾਸ ਇੰਸਟੀਚਿਊਟ ਦੇ ਸਕੱਤਰ ਡਾਕਟਰ ਖੜਕ ਸਿੰਘ ਜੀ ਦਾ ਬਹੁਤ ਹੀ ਰਿਣੀ ਹੈ ਜਿਨ੍ਹਾਂ ਇਸ ਕਾਰਜ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਇਹ ਹੀ ਸਾਡੀ ਇੰਸਟੀਚਿਊਟ ਦੀ ਰੂਹ ਅਤੇ ਧੁਰਾ ਹਨ। ਉਨ੍ਹਾਂ ਦੀ ਲੰਬੀ ਉਮਰ ਤੇ ਦੇਹ-ਅਰੋਗਤਾ ਲਈ ਦਾਸ ਦੀ ਹਮੇਸ਼ਾ ਹੀ ਅਰਦਾਸ ਹੈ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

☐